BRAMPTON Service and Information Update

# 28 ਫਰਵਰੀ ਤੋਂ ਬ੍ਰੈਂਪਟਨ ਟ੍ਰਾਂਜ਼ਿਟ ਸੇਵਾ ਵਿੱਚ ਤਬਦੀਲੀਆਂ

ਬ੍ਰੈਂਪਟਨ, ਓਨਟੈਰੀਓ (22 ਫਰਵਰੀ, 2022) – ਇਹ ਯਕੀਨੀ ਬਣਾਉਣ ਲਈ ਕਿ ਸਾਡਾ ਟ੍ਰਾਂਜ਼ਿਟ ਸਿਸਟਮ, ਸ਼ਹਿਰ ਵਿੱਚ ਲੋਕਾਂ ਨੂੰ ਚੰਗੀ ਤਰ੍ਹਾਂ ਗਤੀਸ਼ੀਲ ਰੱਖ ਸਕਦਾ ਹੈ, ਸੋਮਵਾਰ, 28 ਫਰਵਰੀ, 2022 ਤੋਂ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਸੇਵਾ ਵਿੱਚ ਤਬਦੀਲੀਆਂ ਕਰ ਰਿਹਾ ਹੈ।

**ਹੇਠਾਂ ਲਿਖੇ ਰੂਟਾਂ ਤੇ ਸੇਵਾ ਫਿਰ ਸ਼ੁਰੂ ਕੀਤੀ ਜਾਵੇਗੀ ਅਤੇ ਬੱਸਾਂ ਸੰਸ਼ੋਧਿਤ ਸੇਵਾ ਲੈਵਲਾਂ ਤੇ ਚੱਲਣਗੀਆਂ:**

- 12 ਗ੍ਰੇਨੋਬਲ (12 Grenoble)
- 13 ਅਵੋਨਡੇਲ (13 Avondale)
- 16 ਸਾਊਥਗੇਟ (16 Southgate)
- 17 ਹੋਡਨ (17 Howden)
- 19 ਫਰਨਫੋਰੈਸਟ (19 Fernforest)
- 25 ਈਡਨਬ੍ਰੁਕ (25 Edenbrook)
- 28 ਵਾਨਲੈਸ (28 Wanless)
- 40 ਸੈਂਟਰਲ ਇੰਡਸਟ੍ਰੀਅਲ (40 Central Industrial)
- 55 ਐਲਬਰਨ ਮਾਰਕੇਲ (55 Elbern Markel)
- 81 ਮੇਫੀਲਡ ਵੈਸਟ (81 Mayfield West)

**ਹੇਠਾਂ ਲਿਖੇ ਰੂਟਾਂ ਤੇ ਪੂਰੇ ਸੇਵਾ ਲੈਵਲਾਂ ਤੇ ਬੱਸਾਂ ਚੱਲਣਗੀਆਂ:**

- 505 ਜ਼ੂਮ ਬੋਵੇਅਰਡ (505 Züm Bovaird)
- 511C ਜ਼ੂਮ ਸਟੀਲਸ (511C Züm Steeles)
- 2 ਮੇਨ (2 Main)
- 3 ਮੈਕਲੌਗਲਿਨ (3 McLaughlin)
- 4 ਚਿੰਗਕੂਜ਼ੀ (4 Chinguacousy)
- 15 ਬ੍ਰੈਮਲੀ (15 Bramalea)
- 18 ਡਿਕਸੀ (18 Dixie)
- 199 ਯੂ.ਟੀ.ਐਮ. ਐਕਸਪ੍ਰੈਸ (199 UTM Express)

*ਨੋਟ: ਉਪਰੋਕਤ ਤਬਦੀਲੀਆਂ ਦੇ ਨਾਲ ਸੇਵਾ ਲੈਵਲ ਉਹਨਾਂ ਸ਼ੈਡਿਊਲਾਂ ਤੇ ਬਹਾਲ ਹੋਣਗੇ, ਜੋ ਜਨਵਰੀ, 2022 ਦੇ ਸ਼ੁਰੂ ਵਿੱਚ ਲਾਗੂ ਸਨ*

**ਹੇਠਾਂ ਲਿਖੇ ਰੂਟ, ਅਗਲੇ ਨੋਟਿਸ ਤੱਕ ਰੱਦ ਰਹਿਣਗੇ (ਕਾਰਜਦਿਨ ਅਤੇ ਵੀਕੈਂਡਸ ਸਮੇਤ):**

- 501A/ 501C ਜ਼ੂਮ ਕਵੀਨ (501A/ 501C Züm Queen)
- 561 ਜ਼ੂਮ ਕਵੀਨ ਵੈਸਟ (561 Züm Queen West)

- 18B ਡਿਕਸੀ (18B Dixie) (18 ਡਿਕਸੀ ਹੁਣ ਵੀ ਚੱਲ ਰਹੀ ਹੈ)
- 21 ਹਾਰਟ ਲੇਕ (21 Heart Lake)
- 36 ਗਾਰਡਨਬ੍ਰੂਕ (36 Gardenbrooke) (ਸਿਰਫ ਸਕੂਲ ਦੀਆਂ ਵਾਧੂ ਟ੍ਰਿੱਪਾਂ ਤੇ ਚੱਲ ਰਹੀ ਹੈ)
- 58 ਫਾਈਨੈਂਸ਼ੀਅਲ ਡ੍ਰਾਈਵ (58 Financial Drive)
- 65 ਸੀਨੀਅਰਸ ਸ਼ੌਪਰ (65 Seniors Shopper)
- 92 ਬ੍ਰੈਮਲੀ ਗੋ (92 Bramalea GO)
- 104 ਚਿੰਗਕੂਜ਼ੀ ਐਕਸਪ੍ਰੈਸ (104 Chinguacousy Express)
- 185 ਡਿਕਸੀ ਐਕਸਪ੍ਰੈਸ (185 Dixie Express)

ਸ਼ੈਡਿਊਲ ਵਿੱਚ ਤਬਦੀਲੀਆਂ ਦੀ ਪੂਰੀ ਸੂਚੀ ਅਤੇ ਰੂਟ ਬਾਰੇ ਜਾਣਕਾਰੀ ਲਈ, ਇੱਥੇ ਕਲਿੱਕ ਕਰੋ (click here)।

ਆਪਣੀ ਅਗਲੀ ਟ੍ਰਿਪ ਦੀ ਯੋਜਨਾ ਬਣਾਉਣ ਲਈ, ਬ੍ਰੈਂਪਟਨ ਟ੍ਰਾਂਜ਼ਿਟ ਸੰਪਰਕ ਕੇਂਦਰ (Brampton Transit Contact Centre) ਨੂੰ 905.874.2999 ਤੇ ਫੋਨ ਕਰੋ।

ਵਸੀਲਾ ਉਪਲਬਧਤਾ ਅਤੇ ਰਾਈਡਰਸ਼ਿਪ ਦਾ ਨਿਰੀਖਣ ਜਾਰੀ ਰਹੇਗਾ ਅਤੇ ਬ੍ਰੈਂਪਟਨ ਟ੍ਰਾਂਜ਼ਿਟ ਜਲਦੀ ਤੋਂ ਜਲਦੀ ਸੇਵਾਵਾਂ ਬਹਾਲ ਕਰੇਗਾ।

ਸਵਾਰੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਹੇਠਾਂ ਲਿਖੇ ਉਪਾਅ ਵਰਤ ਕੇ, ਟ੍ਰਾਂਜ਼ਿਟ ਸਟੌਪਸ ਤੇ ਅਤੇ ਟ੍ਰਾਂਜ਼ਿਟ ਤੇ ਸੁਰੱਖਿਅਤ ਰਹੋ ਅਤੇ ਦੂਜਿਆਂ ਨੂੰ ਸੁਰੱਖਿਅਤ ਰਹਿਣ ਵਿੱਚ ਮਦਦ ਕਰੋ:

- ਹਰ ਵੇਲੇ ਚੰਗੀ ਤਰ੍ਹਾਂ ਮਾਸਕ ਪਹਿਨਣਾ, ਜਿਸ ਨਾਲ ਤੁਹਾਡਾ ਮੂੰਹ, ਠੋਡੀ ਅਤੇ ਨੱਕ ਢਕਿਆ ਹੋਇਆ ਹੋਵੇ।
- ਹੈਂਡ ਸੈਨੀਟਾਈਜ਼ਰ ਨਾਲ ਰੱਖਣਾ ਅਤੇ ਵਾਰ-ਵਾਰ ਆਪਣੇ ਹੱਥ ਧੋਣਾ।
- ਜਿੱਥੋਂ ਤੱਕ ਸੰਭਵ ਹੋਵੇ, ਸਰੀਰਕ ਦੂਰੀ ਰੱਖਣਾ।

ਸਾਡੀਆਂ ਸਵਾਰੀਆਂ ਅਤੇ ਸਟਾਫ ਦੀ ਸਿਹਤ ਅਤੇ ਸੁਰੱਖਿਆ ਮੁੱਖ ਤਰਜੀਹ ਹੈ। ਸਿਟੀ ਆਫ ਬ੍ਰੈਂਪਟਨ, ਜੋਖਮਾਂ ਦਾ ਲਗਾਤਾਰ ਨਿਰੀਖਣ ਕਰਨ ਲਈ ਪੀਲ ਪਬਲਿਕ ਹੈਲਥ (Peel Public Health), ਓਨਟੈਰੀਓ ਸਰਕਾਰ (Government of Ontario) ਅਤੇ ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office) ਵਿਖੇ ਆਪਣੇ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ।

ਨਿਯਮਿਤ ਅੱਪਡੇਟਾਂ ਲਈ www.brampton.ca/COVID19 ਤੇ ਜਾਓ ਅਤੇ ਸੇਵਾ ਅੱਪਡੇਟਾਂ ਲਈ www.bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾਲੋ ਕਰੋ। ਸਵਾਲ ਸਿੱਧੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ ਵਿਖੇ 905.874.2999 ਤੇ ਪੁੱਛੇ ਜਾ ਸਕਦੇ ਹਨ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca